**B.C.M.SCHOOL, BASANT AVENUE, DUGRI, LUDHIANA**
**CLASS-IV. SUDJECT-PUNJABI**

**ਅਣਡਿੱਠਾ ਪੈਰ੍ਹਾ**

**ਸਵੇਰ ਦਾ ਸਮਾਂ ਬਹੁਤ ਸ਼ਾਂਤ ਤੇ ਸੁਹਾਵਣਾ ਹੁੰਦਾ ਹੈ। ਜਿਵੇਂ ਹੀ ਸੂਰਜ ਚੜ੍ਹਦਾ ਹੈ, ਪੰਛੀ ਮਿੱਠੀ ਧੁਨ ਵਿੱਚ ਚਹਕਣ ਲੱਗ ਪੈਂਦੇ ਹਨ। ਬਾਗ ਵਿੱਚ ਰੰਗ ਬਿਰੰਗੇ ਫੁੱਲ ਖਿੜੇ ਹੁੰਦੇ ਹਨ ਜੋ ਸੁਗੰਧ ਫੈਲਾਉਂਦੇ ਹਨ। ਤਾਜ਼ੀ ਹਵਾ ਸਰੀਰ ਨੂੰ ਤੰਦਰੁਸਤ ਅਤੇ ਮਨ ਨੂੰ ਪ੍ਰਸੰਨ ਰੱਖਦੀ ਹੈ। ਬੱਚੇ ਸਵੇਰ ਦੀ ਸੈਰ ਕਰਨ ਲਈ ਬਾਹਰ ਨਿਕਲਦੇ ਹਨ। ਸਵੇਰ ਦੀ ਸੈਰ ਕਰਨ ਨਾਲ ਮਨ ਖੁਸ਼ ਰਹਿੰਦਾ ਹੈ ਅਤੇ ਪੜ੍ਹਾਈ ਵਿੱਚ ਵੀ ਧਿਆਨ ਲੱਗਦਾ ਹੈ।**

**1. ਸਵੇਰ ਦਾ ਸਮਾਂ ਕਿਹੋ ਜਿਹਾ ਹੁੰਦਾ ਹੈ?**

**a) ਸ਼ੋਰਗੁਲ ਭਰਿਆ**

**b) ਸ਼ਾਂਤ ਤੇ ਸੁਹਾਵਣਾ**

**c) ਹਨੇਰਾ**

**2. ਸੂਰਜ ਚੜ੍ਹਦੇ ਹੀ ਕੌਣ ਚਹਕਣਾ ਸ਼ੁਰੂ ਕਰਦੇ ਹਨ?**

**a) ਕੁੱਤੇ**

**b) ਪੰਛੀ**

**c) ਗਾਂ**

**3. ਬਾਗ ਵਿੱਚ ਕੀ ਖਿੜੇ ਹੁੰਦੇ ਹਨ?**

**a) ਪੱਤੇ**

**b) ਫੁੱਲ**

**c) ਫਲ**

**ਡਿੱਠਾ ਪੈਰ੍ਹਾ**

**ਪਾ ਕੇ ਨਵੇਂ ਨਵੇਲੇ ਕੱਪੜੇ,**
**ਛੱਤਾਂ ਉੱਤੇ ਹਾਣੀ ਅੱਪੜੇ।**
**ਜ਼ਿੱਦ- ਜਿੱਦ ਅਸੀਂ ਪਤੰਗ ਚੜ੍ਹਾਉਣੇ,**
**ਤੁਣਕੇ ਮਾਰ ਕੇ ਪੇਚੇ ਲਾਉਣੇ।**
**ਪਾਈਏ ਬਸੰਤ ਦਾ ਪੀਲਾ ਬਾਣਾ,**
**ਪਾਲੇ ਨੇ ਹੈ ਹੁਣ ਉੱਡ ਉੱਡ ਜਾਣਾ।**

**ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?**

**ਪ੍ਰ:-'ਬਾਣਾ' ਸ਼ਬਦ ਦਾ ਕੀ ਅਰਥ ਹੈ?**

**ਪ੍ਰ:- ਬਸੰਤ ਰੁੱਤ ਆਉਣ ਤੇ ਕੀ ਉੱਡ ਜਾਂਦਾ ਹੈ?**

**ਪ੍ਰ:-ਬੱਚਿਆਂ ਨੇ ਪਤੰਗ ਕਿਵੇਂ ਚੜ੍ਹਾਉਂਦੇ ਹਨ ?**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰ:-ਮਹਾਰਾਜਾ ਰਣਜੀਤ ਸਿੰਘ ਜੀ ਇੱਕ ਇਨਸਾਫ ਪਸੰਦ ਰਾਜਾ ਸਨ ਇਸ ਬਾਰੇ ਲਿਖੋ?

ਪ੍ਰ:-ਮੋਰ ਵਰਗੇ ਪੰਛੀਆਂ ਦੀ ਰੱਖਿਆ ਕਰਨਾ ਲਾਜ਼ਮੀ ਕਿਉਂ ਹੈ?

ਪ੍ਰ:-ਮਹਾਰਾਜ ਨੂੰ ਵੱਟਾ ਕਿਸ ਨੇ ਤੇ ਕਿਉਂ ਮਾਰਿਆ?

ਵਿਆਕਰਨ:-

ਪ੍ਰ:-ਰਾਜਾ ਨੇ ਆਪਣੇ ਨੌਕਰ ਤੂੰ ਪਾਣੀ ਮੰਗਿਆ

ਲਕੀਰੇ ਸ਼ਬਦ ਦਾ ਸਹੀ ਇਸਤਰੀ ਲਿੰਗ ਲਿਖੋ?

ਰਾਣੀ ਮਲਿਕਾ ਬੇਗਮ

ਪ੍ਰ:- ਸ਼ੁੱਧ ਕਰਕੇ ਲਿਖੋ

ਇਤਜ਼ਾਰ ਇੰਤਜ਼ਾਰ ਇੰਤਜਾਰ

ਪ੍ਰ:-ਹਨੇਰਾ ਹੋਣ ਤੋਂ ਪਹਿਲਾਂ ਘਰ ਆ ਜਾਣਾ ਚਾਹੀਦਾ ਹੈ।

ਲਕੀਰੇ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ?

ਅੰਧਕਾਰ ਚਾਨਣ ਨੇਰਾ

ਪ੍ਰ:-ਅੱਜ ਮੇਰੇ ਨਾਲ ਸੜਕ ਤੇ ਇੱਕ ਘਟਨਾ ਘਟੀ।

ਲਕੀਰੇ ਸ਼ਬਦ ਦਾ ਬਹੁ ਵਚਨ ਚੁਣੋ:-

ਘਟਨਾਵਾ ਘਟਨਾਂਵਾਂ ਘਟਨਾਵਾਂ

ਪ੍ਰ:-ਕਥਨ:

ਪੜਨਾਂਵ ਨੂੰ ਛੇ ਮੁੱਖ ਕਿਸਮਾਂ ਵਿੱਚ ਵੰਡਿਆ ਗਿਆ ਹੈ: ਨਿਜ ਵਾਚਕ, ਪੁਰਖ ਵਾਚਕ, ਪ੍ਰਸ਼ਨ ਵਾਚਕ, ਨਿਸ਼ਚੇ ਵਾਚਕ, ਅਨਿਸ਼ਚੇ ਵਾਚਕ, ਅਤੇ ਸੰਬੰਧ ਵਾਚਕ ਪੜਨਾਂਵ।

ਕਾਰਨ):

ਕਿਉਂਕਿ ਹਰ ਕਿਸਮ ਦੇ ਪੜਨਾਂਵ ਦੀ ਵਰਤੋਂ ਵਾਕ ਵਿੱਚ ਵਿਭਿੰਨ ਤਰੀਕਿਆਂ ਨਾਲ ਕੀਤੀ ਜਾਂਦੀ ਹੈ ਅਤੇ ਇਹ ਵਾਕ ਨੂੰ ਛੋਟਾ, ਸੁਗਮ ਅਤੇ ਸਪਸ਼ਟ ਬਣਾਉਂਦੇ ਹਨ।

A. ਕਥਨ ਸਹੀ ਹੈ ਪਰ ਕਾਰਨ ਗਲਤ ਹੈ।

B. ਕਥਨ ਗਲਤ ਹੈ ਪਰ ਕਾਰਨ ਸਹੀ ਹੈ।

C. ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ ਕਥਨ ਦੀ ਸਹੀ ਵਿਆਖਿਆ ਕਰਦਾ ਹੈ।

D. ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ ਕਥਨ ਦੀ ਸਹੀ ਵਿਆਖਿਆ ਨਹੀਂ ਕਰਦਾ।